File No. SEP-EDU6011/174/2022-5EDU6 1/431271/2022/1-3

**ਪੰਜਾਬ ਸਰਕਾਰ**

**ਸਿੱਖਿਆ ਵਿਭਾਗ** **ਈ-ਮੇਲ**

**(ਸਿੱਖਿਆ- 6 ਸ਼ਾਖਾ)**

ਸੇਵਾ ਵਿਖੇ

ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ/ਐ:ਸਿ), ਪੰਜਾਬ।

(ਵੈਬਸਾਈਟ ਰਾਹੀਂ)

ਮਿਤੀ, ਚੰਡੀਗੜ੍ਹ:- 22-9-22

ਵਿਸ਼ਾ: ਪੁਲਿਸ ਭਰਤੀ ਸਬੰਧੀ ਪ੍ਰੀਖਿਆ ਕੇਂਦਰ ਬੁੱਕ ਕਰਨ ਬਾਰੇ।

ਉਪਰੋਕਤ ਵਿਸ਼ੇ ਤੇ ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ ਪੰਜਾਬ, ਸੁਰੱਖਿਆ ਕਮ ਚੇਅਰਪਰਸਨ, ਸੈਂਟਰਲ ਭਰਤੀ ਬੋਰਡ (ਸਬ-ਇੰਸਪੈਕਟਰ, ਹੈੱਡ ਕਾਂਸਟੇਬਲ ਅਤੇ ਕਾਂਸਟੇਬਲ) ਤੋਂ ਪ੍ਰਾਪਤ ਪੱਤਰ ਨੰ: 525/R/ADGP Sec ਮਿਤੀ 21.09.2022 ਦੇ ਸਬੰਧ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਆਪ ਨੂੰ ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ ਪੰਜਾਬ, ਸੁਰੱਖਿਆ ਕਮ ਚੇਅਰਪਰਸਨ, ਸੈਂਟਰਲ ਭਰਤੀ ਬੋਰਡ (ਸਬ-ਇੰਸਪੈਕਟਰ, ਹੈੱਡ ਕਾਂਸਟੇਬਲ ਅਤੇ ਕਾਂਸਟੇਬਲ) ਤੋਂ ਪ੍ਰਾਪਤ ਪੱਤਰ ਨੰ: 525/R/ADGP Sec ਮਿਤੀ 21.09.2022 ਦੀ ਕਾਪੀ ਭੇਜਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਵਿੱਚ ਦਰਸਾਏ ਅਨੁਸਾਰ ਮਿਤੀ 16.10.2022(ਐਤਵਾਰ) ਨੂੰ ਹੋਣ ਵਾਲੀ ਪ੍ਰੀਖਿਆ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਲਈ ਲੋੜੀਂਦਾ ਸਹਿਯੋਗ ਦਿੱਤਾ ਜਾਵੇ।

3. ਜ਼ਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪਟਿਆਲਾ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪੀ.ਪੀ.ਐਸ.ਸੀ ਵੱਲੋਂ ਉਪ ਜ਼ਿਲ੍ਹਾ ਅਟਾਰਨੀ ਦੇ ਪੇਪਰ ਲਈ ਨਿਰਧਾਰਤ ਪ੍ਰੀਖਿਆ ਕੇਂਦਰਾਂ ਤੋਂ ਇਲਾਵਾ ਬਾਕੀ ਦੇ ਸਕੂਲਾਂ ਵਿੱਚ ਪੁਲਿਸ ਭਰਤੀ ਸਬੰਧੀ ਪ੍ਰੀਖਿਆ ਕਰਵਾਉਣ ਲਈ ਲੋੜੀਂਦਾ ਸਹਿਯੋਗ ਦਿੱਤਾ ਜਾਵੇ।

4. ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਮਿਤੀ 16.10.2022 ਨੂੰ ਪ੍ਰੀਖਿਆ ਦੀ ਤਿਆਰੀ ਲਈ ਵਿਦਿਆਰਥੀਆਂ ਦੀ ਪੜ੍ਹਾਈ ਦਾ ਕੋਈ ਨੁਕਸਾਨ ਨਾ ਹੋਵੇ। ਸਰਕਾਰ ਵੱਲੋਂ ਕੋਵਿਡ-19 ਦੇ ਮੱਦੇਨਜ਼ਰ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸੁਪਰਡੰਟ

ਪਿ:ਅੰ:ਨੰ: 1/43127/2022/2 ਮਿਤੀ, ਚੰਡੀਗੜ੍ਹ: 22-1-22

ਉਪਰੋਕਤ ਦਾ ਉਤਾਰਾ ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ ਪੰਜਾਬ, ਸੁਰੱਖਿਆ ਕਮ ਚੇਅਰਪਰਸਨ, ਸੈਂਟਰਲ ਭਰਤੀ ਬੋਰਡ (ਸਬ-ਇੰਸਪੈਕਟਰ, ਹੈੱਡ ਕਾਂਸਟੇਬਲ ਅਤੇ ਕਾਂਸਟੇਬਲ), ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਦੇ ਹਵਾਲੇ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਭੇਜਿਆ ਜਾਂਦਾ ਹੈ।

ਸੁਪਰਡੰਟ

ਉਪਰੋਕਤ ਦਾ ਉਤਾਰਾ ਸੁਪਰਡੰਟ, ਗ੍ਰਹਿ-3 ਸ਼ਾਖਾ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਨੂੰ ਉਨ੍ਹਾਂ ਦੇ ਪੱਤਰ ਦੇ ਹਵਾਲੇ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ

ਸੁਪਰਡੰਟ, ਗ੍ਰਹਿ-3 ਸ਼ਾਖਾ

ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਸੈਕਟਰ-1, ਚੰਡੀਗੜ੍ਹ।

ਅੰ:ਵਿ:ਪੱ:ਨੰ: 1/43127/2022/3 ਮਿਤੀ, ਚੰਡੀਗੜ੍ਹ: 22-1-22

SSSF (busy)
22/09/2022

ਵੱਲੋਂ:

ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ, ਪੰਜਾਬ
ਸੁਰੱਖਿਆ-ਕਮ-ਚੇਅਰਪਰਸਨ, ਸੈਂਟਰਲ ਭਰਤੀ ਬੋਰਡ
(ਸਬ-ਇੰਸਪੈਕਟਰ, ਹੈੱਡ ਕਾਂਸਟੇਬਲ ਅਤੇ ਕਾਂਸਟੇਬਲ)
ਪੰਜਾਬ, ਚੰਡੀਗੜ੍ਹ।

ਵੱਲ:

ਸਪੈਸ਼ਲ ਸਕੱਤਰ,
ਸਕੂਲ ਸਿੱਖਿਆ ਵਿਭਾਗ, ਪੰਜਾਬ ਸਰਕਾਰ।
(ਸਿਖਿੱਆ-6 ਸ਼ਾਖਾ)

SE-6
22/9/2022

ਨੰਬਰ: 525 / R / ADGP SEC ਮਿਤੀ: 21.9.2022

**ਵਿਸ਼ਾ:- ਪੁਲਿਸ ਭਰਤੀ ਸਬੰਧੀ ਪ੍ਰੀਖਿਆ ਕੇਂਦਰ ਬੁੱਕ ਕਰਨ ਬਾਰੇ।**

ਯਾਦ ਪੱਤਰ:

ਹਵਾਲਾ ਆਪ ਦੇ ਦਫਤਰ ਦੇ ਪੱਤਰ ਨੰਬਰ SED-EDU6011/174/2022-5EDU6/428192 ਮਿਤੀ 16.09.2022, ਵਿਸ਼ਾ ਉਕਤ ਦੇ ਸੰਬੰਧ ਵਿੱਚ।

ਸਿਖਿਆ-6 ਸ਼ਾਖਾ
ਡਾਇਰੀ ਨੰ: 1733274
ਮਿਤੀ: 22-9-22

ਉਕਤ ਹਵਾਲਾ ਅਧੀਨ ਪੱਤਰ ਰਾਹੀਂ ਆਪ ਵੱਲੋਂ ਦਿੱਤੇ ਨਿਰਦੇਸ਼ਾਂ ਨੂੰ ਮੁੱਖ ਰੱਖਦੇ ਹੋਏ ਮਿਤੀ 14.10.22 ਅਤੇ 15.10.22 ਨੂੰ ਕਰਵਾਈ ਜਾਣ ਵਾਲੀ ਪੁਲਿਸ ਭਰਤੀ ਪ੍ਰੀਖਿਆ ਸਬੰਧੀ ਵਿਕਲਪਿਕ ਪ੍ਰੀਖਿਆ ਕੇਂਦਰਾਂ ਬਾਰੇ ਭਰਤੀ ਬੋਰਡ ਵੱਲੋਂ ਵਿਚਾਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਮਿਤੀ 16.10.2022 ਨੂੰ ਕਰਵਾਈ ਜਾਣ ਵਾਲੀ ਪ੍ਰੀਖਿਆ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਉਪ ਜਿਲ੍ਹਾ ਅਟਾਰਨੀ ਦੀ ਪ੍ਰੀਖਿਆ ਮਿਤੀ 16.10.2022 ਨੂੰ ਸਿਰਫ ਜਿਲ੍ਹਾ ਪਟਿਆਲਾ ਵਿਖੇ ਹੀ ਕਰਵਾਈ ਜਾ ਰਹੀ ਹੈ। ਜਿਸ ਦੇ ਮੱਦੇਨਜਰ ਬੇਨਤੀ ਹੈ ਕਿ ਮਿਤੀ 16.10.2022 ਨੂੰ ਪੰਜਾਬ ਪੁਲਿਸ ਭਰਤੀ ਪ੍ਰੀਖਿਆ ਲਈ ਜਿਲ੍ਹਾ ਪਟਿਆਲਾ ਵਿੱਚ ਉਪ ਜਿਲ੍ਹਾ ਅਟਾਰਨੀ ਦੀ ਹੋ ਰਹੀ ਪ੍ਰੀਖਿਆ ਲਈ ਨਿਰਧਾਰਿਤ ਪ੍ਰੀਖਿਆ ਕੇਂਦਰਾਂ ਤੋਂ ਇਲਾਵਾ ਜਿਲ੍ਹਾ ਪਟਿਆਲਾ ਵਿਖੇ ਮੌਜੂਦ ਹੋਰ ਵਿਦਿੱਅਕ ਸੰਸਥਾਵਾਂ (ਸਕੂਲ/ਕਾਲਜ) ਅਤੇ ਪੰਜਾਬ ਦੇ ਬਾਕੀ ਜਿਲਿਆਂ ਵਿੱਚ ਪ੍ਰੀਖਿਆ ਕੇਂਦਰ ਸਥਾਪਤ ਕਰਨ ਲਈ ਸਬੰਧਤ ਜਿਲ੍ਹਾ ਸਿਖਿਆ ਅਧਿਕਾਰੀਆਂ/ਪ੍ਰਿੰਸੀਪਲਜ ਨੂੰ ਪੰਜਾਬ ਪੁਲਿਸ ਅਤੇ ਟੀ.ਸੀ.ਐਸ ਦੀ ਟੀਮ ਨੂੰ ਪੂਰਨ ਸਹਿਯੋਗ ਦੇਣ ਦੀ ਹਦਾਇਤ ਜਾਰੀ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ, ਪੰਜਾਬ
ਸੁਰੱਖਿਆ-ਕਮ-ਚੇਅਰਪਰਸਨ, ਸੈਂਟਰਲ ਭਰਤੀ ਬੋਰਡ
(ਸਬ-ਇੰਸਪੈਕਟਰ, ਹੈੱਡ ਕਾਂਸਟੇਬਲ ਅਤੇ ਕਾਂਸਟੇਬਲ)
ਪੰਜਾਬ, ਚੰਡੀਗੜ੍ਹ।

ਨੰਬਰ: / ਮਿਤੀ:

ਉਕਤ ਦਾ ਉਤਾਰਾ ਸੁਪਰਡੰਟ, ਗ੍ਰਹਿ-3 ਸ਼ਾਖਾ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਨੂੰ ਉਨ੍ਹਾ ਦੇ ਦਫਤਰ ਦੇ ਪੱਤਰ ਨੰਬਰ 11/41/2018-6ਐਚ3/4999-5000 ਮਿਤੀ 13.09.2022 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਐਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ, ਪੰਜਾਬ
ਸੁਰੱਖਿਆ-ਕਮ-ਚੇਅਰਪਰਸਨ, ਸੈਂਟਰਲ ਭਰਤੀ ਬੋਰਡ
(ਸਬ-ਇੰਸਪੈਕਟਰ, ਹੈੱਡ ਕਾਂਸਟੇਬਲ ਅਤੇ ਕਾਂਸਟੇਬਲ)
ਪੰਜਾਬ, ਚੰਡੀਗੜ੍ਹ।